# ਦਫ਼ਤਰ, ਡਾਇਰੈਕਟਰ ਭਾਸ਼ਾ ਵਿਭਾਗ, ਪੰਜਾਬ ,ਪਟਿਆਲਾ

## ਖੇਤਰ ਭਾਗ

**ਈ-ਮੇਲ**-Khetar.pblanguages@gmail.com

ਵੱਲ

ਸਹਾਇਕ ਡਾਇਰੈਕਟਰ, (ਪੰ.ਸੈਲ) ਚੰਡੀਗੜ੍ਹ
ਜ਼ਿਲ੍ਹਾ ਭਾਸ਼ਾ ਅਫਸਰ, ਪਟਿਆਲਾ, ਸੰਗਰੂਰ,
ਜਲੰਧਰ, ਰੂਪ ਨਗਰ ਅਤੇ ਐੱਸ.ਏ.ਐਸ ਨਗਰ।

ਪੱਤਰ ਨੰ: (ਟਾ.ਸ਼ਾ)ਪ੍ਰੀ-ਨੀਤੀ/2023(ਸਪੈ- 11 - 16
ਮਿਤੀ,ਪਟਿਆਲਾ/ 04/12/2023

**ਵਿਸ਼ਾ:-** **ਟਾਈਪ/ਸ਼ਾਰਟਹੈਂਡ ਪੰਜਾਬੀ ਅਤੇ ਅੰਗਰੇਜ਼ੀ ਦੇ ਉੱਤਰ ਪਰਚੇ ਮਾਰਕ/ਪ੍ਰਸ਼ਨ ਪਰਚੇ ਸੈੱਟ ਕਰਨ ਲਈ ਨਿਯਮ ਭੇਜਣ ਸਬੰਧੀ।**

ਉਪਰੋਕਤ ਵਿਸ਼ੇ ਸਬੰਧੀ ਆਪ ਨੂੰ ਟਾਈਪ/ਸ਼ਾਰਟਹੈਂਡ ਪੰਜਾਬੀ ਅਤੇ ਅੰਗਰੇਜ਼ੀ ਦੇ ਪ੍ਰਸ਼ਨ ਪਰਚੇ ਸੈੱਟ ਕਰਨ ਅਤੇ ਮਾਰਕ ਕਰਨ ਸਬੰਧੀ ਨਿਯਮਾਂ ਦੀ ਕਾਪੀ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਇਹ ਨਿਯਮ ਤੁਰੰਤ ਪ੍ਰਭਾਵ ਤੋਂ ਲਾਗੂ ਹੋਣਗੇ ਇਸ ਤੋਂ ਇਲਾਵਾ ਸ਼ਾਰਟਹੈਂਡ ਸਿਧਾਂਤ ਦੇ ਉੱਤਰ ਪਰਚੇ ਮਾਰਕ ਕਰਨ ਅਤੇ ਸੈੱਟ ਕਰਨ ਸਬੰਧੀ ਨਿਯਮ ਆਪ ਨੂੰ ਪਹਿਲਾਂ ਹੀ ਪੱਤਰ ਨੰ. (ਟਾ.ਸ਼ਾ.ਸਿ.ਨੀਤੀ)2022/7192-7197 ਰਾਹੀਂ ਭੇਜੇ ਹੋਏ ਹਨ।

ਨੱਥੀ/ਨਿਯਮਾਂ ਦੀ ਪੀ.ਡੀ.ਐਫ

**ਡਿਪਟੀ ਡਾਇਰੈਕਟਰ (ਖੇਤਰ)**
**ਭਾਸ਼ਾ ਵਿਭਾਗ, ਪੰਜਾਬ।**

ਪਿੱਠ ਅੰਕਣ ਨੰ. ਮਿਤੀ, ਪਟਿਆਲਾ/

ਉਪਰੋਕਤ ਦਾ ਉਤਾਰਾ :-

1. ਡਾਇਰੈਕਟਰ, ਸਮਾਜਿਕ ਨਿਆ ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ, ਪੰਜਾਬ ਐਸ.ਸੀ.ਐਫ.ਨੰ.07, ਫੇਜ-1, ਸਾਹਿਬਜਾਦਾ ਅਜੀਤ ਸਿੰਘ ਨਗਰ (ਮੋਹਾਲੀ) ਨੂੰ ਭੇਜਦੇ ਹੋਏ ਬੇਨਤੀ ਹੈ ਕਿ ਟਾਈਪ/ਸ਼ਾਰਟਹੈਂਡ ਦੇ ਉੱਤਰ ਪਰਚੇ ਮਾਰਕ ਕਰਨ ਸਬੰਧੀ ਨਿਯਮਾਂ ਦੀ ਕਾਪੀ ਆਪ ਦੇ ਅਧੀਨ ਸੰਸਥਾਵਾਂ ਨੂੰ ਭੇਜਣ ਦੀ ਖੇਚਲ ਕਰਨਾ ਜੀ।
2. ਪ੍ਰਿੰਸੀਪਲ, ਆਈ.ਟੀ.ਆਈ(ਲੜਕੇ) ਪਟਿਆਲਾ ਨੂੰ ਸੂਚਨਾ ਹਿੱਤ।

ਸਹੀ/-
**ਡਿਪਟੀ ਡਾਇਰੈਕਟਰ (ਖੇਤਰ)**
**ਭਾਸ਼ਾ ਵਿਭਾਗ, ਪੰਜਾਬ।**

**ਸੀਨੀਅਰ ਸਕੇਲ ਸਟੈਨੋਗ੍ਰਾਫਰ (ਪੰਜਾਬੀ) ਪ੍ਰਸ਼ਨ ਪਰਚੇ ਸੈੱਟ ਕਰਨ ਅਤੇ ਉੱਤਰ ਪਰਚੇ ਮਾਰਕ ਕਰਨ ਸਬੰਧੀ ਨਿਯਮ**

| ਲੜੀ ਨੰ. | ਨਿਯਮ |
|---|---|
| 1 | ਪੰਜਾਬੀ ਸ਼ਾਰਟਹੈਂਡ ਵਿੱਚ ਘੱਟੋ-ਘੱਟ 100 ਸ਼ਬਦ ਪ੍ਰਤੀ ਮਿੰਟ ਦੀ ਕੁਆਲੀਫਾਇੰਗ ਸਪੀਡ ਲਈ 250-250 ਸ਼ਬਦ ਦੇ ਦੋ ਪੈਰੇ ਦਿੱਤੇ ਜਾਣਗੇ। ਹਰੇਕ ਪੈਰਾ 2:30 ਮਿੰਟ ਵਿੱਚ ਲਿਖਵਾਇਆ (dictate)ਜਾਵੇਗਾ। ਹਰੇਕ ਪੈਰੇ ਤੋਂ ਬਾਅਦ ਦੋ ਮਿੰਟ ਦਾ ਵਿਸ਼ਰਾਮ ਦਿੱਤਾ ਜਾਵੇਗਾ। ਟ੍ਰਾਂਸਕ੍ਰਿਪਸ਼ਨ 20 ਸ਼ਬਦ ਪ੍ਰਤੀ ਮਿੰਟ ਦੀ ਰਫਤਾਰ ਨਾਲ 25 ਮਿੰਟ ਵਿੱਚ ਕਰਨੀ ਹੋਵੇਗੀ ।<br>1. ਕੰਪਿਊਟਰ (ਕੀ-ਬੋਰਡ) ਆਦਿ ਚੈੱਕ ਕਰਨ ਲਈ 5 ਮਿੰਟ ਦਾ ਸਮਾਂ ਟ੍ਰਾਇਲ ਪੈਰੇ ਦੀ ਡਿਕਟੇਸ਼ਨ ਬੋਲਣ ਤੋਂ ਪਹਿਲਾਂ ਦਿੱਤਾ ਜਾਵੇਗਾ।<br>2. 100 ਸ਼ਬਦ ਪ੍ਰਤੀ ਮਿੰਟ ਦੀ ਰਫਤਾਰ ਦੇ ਟੈਸਟ ਤੋਂ ਪਹਿਲਾਂ 200 ਸ਼ਬਦਾਂ ਦਾ ਟ੍ਰਾਇਲ ਪੀਸ ਦਿੱਤਾ ਜਾਵੇਗਾ।<br>3. ਉਮੀਦਵਾਰਾਂ ਨੂੰ ਪੰਜਾਬੀ ਪੈਰੇ ਨੂੰ ਇਨਸਕ੍ਰਿਪਟ ਕੀ-ਬੋਰਡ ਦੀ ਵਰਤੋਂ ਕਰਦੇ ਹੋਏ ਯੂਨੀਕੋਡ ਆਧਾਰਿਤ ਰਾਵੀ ਫੌਂਟ ਵਿੱਚ ਲਿਪੀਅੰਤਰਿਤ/ਟ੍ਰਾਂਸਕ੍ਰਾਈਬ ਕਰਨਾ ਹੋਵੇਗਾ।<br>4. ਡਿਕਟੇਸ਼ਨ ਸ਼ੀਟ ਤੇ ਸ਼ਾਰਟਹੈਂਡ ਤੋਂ ਬਿਨਾਂ ਪੰਜਾਬੀ/ਅੰਗਰੇਜ਼ੀ ਲੌਂਗਹੈਂਡ ਵਿਚ ਲਿਖਣ ਦੀ ਮਨਾਹੀ ਹੈ ਕਿਉਂਕਿ ਇਹ ਟੈੱਸਟ ਸਟੈਨੋਗ੍ਰਾਫੀ ਦਾ ਟੈੱਸਟ ਹੈ। ਲੋੜ ਪੈਣ ਤੇ ਪ੍ਰੀਖਿਅਕ ਲਿਪੀਅੰਤਰਣ ਦਾ ਡਿਕਟੇਸ਼ਨ ਕਾਪੀ ਨਾਲ ਮਿਲਾਨ ਕਰ ਸਕਦਾ ਹੈ। ਦੋਵਾਂ ਦਾ ਆਪਸ ਵਿੱਚ ਮਿਲਾਨ ਨਾ ਹੋਣ ਦੀ ਸੂਰਤ ਵਿੱਚ ਫੈਸਲਾ ਅਧਿਕਾਰਤ ਕਮੇਟੀ ਵੱਲੋਂ ਲਿਆ ਜਾਵੇਗਾ।<br>5. ਲਿਪੀਅੰਤਰਣ ਕਰਦੇ ਸਮੇਂ ਹਿੰਦਸਿਆਂ (ਨਮੈਰੀਕਲ) ਨੂੰ ਕਿਸੇ ਵੀ ਰੂਪ ਵਿੱਚ ਲਿਪੀਅੰਤਰਣ(ਟਾਈਪ) ਕੀਤਾ ਜਾ ਸਕਦਾ ਹੈ।<br>6. 4 ਪ੍ਰਤੀਸ਼ਤ ਗਲਤੀਆਂ ਮੁਆਫ ਹੋਣਗੀਆਂ। 4 ਪ੍ਰਤੀਸ਼ਤ ਤੋਂ ਵੱਧ ਗਲਤੀਆਂ ਵਾਲਾ ਉਮੀਦਵਾਰ ਫੇਲ੍ਹ ਮੰਨਿਆ ਜਾਵੇਗਾ।<br>ਨੋਟ<br>**ਸੀਨੀਅਰ ਸਕੇਲ ਸਟੈਨੋਗ੍ਰਾਫਰ ਦਾ ਉੱਤਰ ਪਰਚਾ ਮਾਰਕ ਕਰਨ ਸਬੰਧੀ ਬਾਕੀ ਨਿਯਮ ਸਟੈਨੋ ਟਾਈਪਿਸਟ ਪਰਚੇ ਵਾਲੇ ਹੀ ਲਾਗੂ ਹੋਣਗੇ।** |
| | |

**ਸੀਨੀਅਰ ਸਕੇਲ ਸਟੈਨੋਗ੍ਰਾਫਰ (ਅੰਗਰੇਜ਼ੀ)60 ਸ਼ਬਦ ਪ੍ਰਤੀ ਮਿੰਟ ਪ੍ਰਸ਼ਨ ਪਰਚੇ ਸੈੱਟ ਕਰਨ ਅਤੇ ਉੱਤਰ ਪਰਚੇ ਮਾਰਕ ਕਰਨ ਸਬੰਧੀ ਨਿਯਮ**

| **ਲੜੀ ਨੰ** | **ਨਿਯਮ** |
|---|---|
| **1.** | ਅੰਗਰੇਜ਼ੀ ਸ਼ਾਰਟਹੈਂਡ ਵਿੱਚ ਘੱਟੋ-ਘੱਟ 60 ਸ਼ਬਦ ਪ੍ਰਤੀ ਮਿੰਟ ਦੀ ਕੁਆਲੀਫਾਇੰਗ ਸਪੀਡ ਲਈ 250-250 ਸ਼ਬਦ ਦੇ ਦੋ ਪੈਰੇ ਦਿੱਤੇ ਜਾਣਗੇ। ਹਰੇਕ ਪੈਰਾ 4:10 ਮਿੰਟ ਵਿੱਚ ਲਿਖਵਾਇਆ (dictate)ਜਾਵੇਗਾ। ਹਰੇਕ ਪੈਰੇ ਤੋਂ ਬਾਅਦ ਦੋ ਮਿੰਟ ਦਾ ਵਿਸ਼ਰਾਮ ਦਿੱਤਾ ਜਾਵੇਗਾ। ਟ੍ਰਾਂਸਕ੍ਰਿਪਸ਼ਨ 12 ਸ਼ਬਦ ਪ੍ਰਤੀ ਮਿੰਟ ਦੀ ਰਫਤਾਰ ਨਾਲ 42 ਮਿੰਟ ਵਿੱਚ ਕਰਨੀ ਹੋਵੇਗੀ ।<br>**ਨੋਟ:**<br>1. ਕੰਪਿਊਟਰ (ਕੀ-ਬੋਰਡ) ਆਦਿ ਚੈੱਕ ਕਰਨ ਲਈ 5 ਮਿੰਟ ਦਾ ਸਮਾਂ ਟ੍ਰਾਇਲ ਪੈਰੇ ਦੀ ਡਿਕਟੇਸ਼ਨ ਬੋਲਣ ਤੋਂ ਪਹਿਲਾਂ ਦਿੱਤਾ ਜਾਵੇਗਾ।<br>2. 60 ਸ਼ਬਦ ਪ੍ਰਤੀ ਮਿੰਟ ਦੀ ਰਫਤਾਰ ਦੇ ਟੈਸਟ ਤੋਂ ਪਹਿਲਾਂ 120 ਸ਼ਬਦਾਂ ਦਾ ਟ੍ਰਾਇਲ ਪੀਸ ਦਿੱਤਾ ਜਾਵੇਗਾ।<br>3. ਡਿਕਟੇਸ਼ਨ ਸ਼ੀਟ ਤੇ ਸ਼ਾਰਟਹੈਂਡ ਤੋਂ ਬਿਨਾਂ ਪੰਜਾਬੀ/ਅੰਗਰੇਜ਼ੀ ਲੌਂਗਹੈਂਡ ਵਿਚ ਲਿਖਣ ਦੀ ਮਨਾਹੀ ਹੈ ਕਿਉਂਕਿ ਇਹ ਟੈੱਸਟ ਸਟੈਨੋਗ੍ਰਾਫੀ ਦਾ ਟੈੱਸਟ ਹੈ। ਲੋੜ ਪੈਣ ਤੇ ਪ੍ਰੀਖਿਅਕ ਲਿਪੀਅੰਤਰਣ ਦਾ ਡਿਕਟੇਸ਼ਨ ਕਾਪੀ ਨਾਲ ਮਿਲਾਨ ਕਰ ਸਕਦਾ ਹੈ। ਦੋਵਾਂ ਦਾ ਆਪਸ ਵਿੱਚ ਮਿਲਾਨ ਨਾ ਹੋਣ ਦੀ ਸੂਰਤ ਵਿੱਚ ਫੈਸਲਾ ਅਧਿਕਾਰਤ ਕਮੇਟੀ ਵਲੋਂ ਲਿਆ ਜਾਵੇਗਾ।<br>4. ਲਿਪੀਅੰਤਰਣ ਕਰਦੇ ਸਮੇਂ ਹਿੰਦਸਿਆਂ (ਨਮੈਰੀਕਲ) ਨੂੰ ਕਿਸੇ ਵੀ ਰੂਪ ਵਿੱਚ ਲਿਪੀਅੰਤਰਣ (ਟਾਈਪ) ਕੀਤਾ ਜਾ ਸਕਦਾ ਹੈ।<br>5. 4 ਪ੍ਰਤੀਸ਼ਤ ਗਲਤੀਆਂ ਮੁਆਫ ਹੋਣਗੀਆਂ। 4 ਪ੍ਰਤੀਸ਼ਤ ਤੋਂ ਵੱਧ ਗਲਤੀਆਂ ਵਾਲਾ ਉਮੀਦਵਾਰ ਫੇਲ੍ਹ ਮੰਨਿਆ ਜਾਵੇਗਾ।<br>ਨੋਟ :-<br>**ਸੀਨੀਅਰ ਸਕੇਲ ਸਟੈਨੋਗ੍ਰਾਫਰ (ਅੰਗਰੇਜ਼ੀ) ਦੇ ਉੱਤਰ ਪਰਚੇ ਮਾਰਕ ਕਰਨ ਸਬੰਧੀ ਬਾਕੀ ਨਿਯਮ ਸਟੈਨੋ ਟਾਈਪਿਸਟ ਪਰਚੇ ਵਾਲੇ ਹੀ ਲਾਗੂ ਹੋਣਗੇ।** |

24.11.23

**ਵਧੀਕ ਡਾਇਰੈਕਟਰ**

**ਭਾਸ਼ਾ ਵਿਭਾਗ ਪੰਜਾਬ ।**